# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਪੀ.ਟੀ.ਯੂ (ਰਜਿ 31) ਫ਼ਰੀਦਕੋਟ ਵੱਲੋ ਟ੍ਰੈਫਿਕ ਪੁਲਸ ਦੀ ਅਨੂ ਬਾਲਾ ਤੇ ਟ੍ਰੈਫਿਕ ਇੰਚਾਰਜ ਵਕੀਲ ਸਿੰਘ ਬਰਾੜ ਨੂੰ ਕੀਤਾ ਸਨਮਾਨਿਤ:- ਚੇਅਰਮੈਨ ਭੱਟੀ

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ




ਫ਼ਰੀਦਕੋਟ 25 ਜਨਵਰੀ : ਅੱਜ ਪੰਜਾਬ ਟੈਕਸੀ ਓਪਰੇਟਰ ਡਰਾਈਵਰ ਯੂਨੀਅਨ (ਰਜਿ 31) ਫ਼ਰੀਦਕੋਟ ਵੱਲੋ ਇੱਕ ਖ਼ੂਬਸੂਰਤ ਸਨਮਾਨ ਸਮਾਰੋਹ ਕੀਤਾ ਗਿਆ । ਇਹ ਜਾਣਕਾਰੀ ਪ੍ਰੈਸ ਸਕੱਤਰ ਪੰਜਾਬ ਕੁਲਜੀਤ ਸਿੰਘ ਭੱਟੀ ਨੇ ਸਾਂਝੀ ਕਰਦਿਆ ਕੀਤੀ। ਓਨਾਂ ਦੱਸਿਆ ਇਸ ਸਮੇ ਟ੍ਰੈਫਿਕ ਇੰਚਾਰਜ ਵਕੀਲ ਸਿੰਘ ਬਰਾੜ ਜੀ ਨੇ ਡਰਾਈਵਰ ਭਾਈਚਾਰੇ ਨਾਲ ਟ੍ਰੈਫਿਕ ਨਿਯਮਾਂ ਬਾਰੇ ਗੱਲਬਾਤ ਸਾਂਝੀ ਕੀਤੀ ਅਤੇ ਓਨਾ ਤੋ ਸਹਿਯੋਗ ਦੀ ਉਮੀਦ ਕੀਤੀ।ਯੂਨੀਅਨ ਦੇ ਪ੍ਰਧਾਨ ਗੁਰਮੀਤ ਸਿੰਘ ਪੱਕਾ ਭਰੋਸਾ ਦਿਵਾਇਆ ਕਿ ਓਹ ਹਮੇਸ਼ਾ ਓਨਾ ਨਾਲ ਖੜੇ ਹਨ ਅਤੇ ਭਾਈਚਾਰਕ ਸਾਂਝ ਬਣਾ ਕੇ ਨਿਯਮਾਂ ਦੀ ਪਾਲਣਾ ਕਰਨਗੇ ਅਤੇ ਓਨਾਂ ਮੁੱਖ ਮੰਤਰੀ ਪੰਜਾਬ ਅਤੇ ਐਸ.ਐਸ.ਪੀ ਪ੍ਰਗਿਆ ਜੈਨ ਜੀ ਦਾ ਧੰਨਵਾਦ ਕੀਤਾ ਜਿਨਾਂ ਫ਼ਰੀਦਕੋਟ ਦੀ ਧੀ ਅਨੂ ਬਾਲਾ ਜੀ ਤੇ ਦੋ ਪੁਲਸ ਮੁਲਾਜ਼ਮ ਜੋ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਦੇ ਹਨ । ਮੁੱਖ ਮੰਤਰੀ ਮੈਡਲ ਨਾਲ 26 ਜਨਵਰੀ ਯਨਕਿ ਗਣਤੰਤਰ ਦਿਵਸ ਤੇ ਸਨਮਾਨਿਤ ਕਰਨ ਦੀ ਚੋਣ ਕੀਤੀ । ਓਹ ਵਧਾਈ ਦੇ ਪਾਤਰ ਹਨ।

ਇਸ ਸਮੇ ਯੂਨੀਅਨ ਦੇ ਚੇਅਰਮੈਨ ਜਸਵਿੰਦਰ ਸਿੰਘ ਭੱਟੀ , ਸੁਖਦੇਵ ਸਿੰਘ ਵਾਈਸ ਪ੍ਰਧਾਨ , ਨਛੱਤਰ ਸਿੰਘ ਪ੍ਰਧਾਨ ਜੀ, ਹਰਜੀਤ ਸਿੰਘ ਪ੍ਰਧਾਨ ਅਜ਼ਾਦ ਟੈਕਸੀ ਯੂਨੀਅਨ ਅਤੇ ਬਲਤੇਜ ਸਿੰਘ ਭੁੱਲਰ, ਬਖਸੀਸ਼ ਸਿੰਘ ਪ੍ਰਧਾਨ, ਇਕਬਾਲ ਸਿੰਘ ਕਾਬਲ ਵਾਲਾ , ਰਵਿੰਦਰ ਅਠਵਾਲ, ਗਗਨ ਭੱਟੀ, ਸਤਨਾਮ ਸਿੰਘ ਪ੍ਰਧਾਨ ਸਾਦਿਕ , ਅਮ੍ਰਿਤ ਪਾਲ ਸਿੰਘ ਗੋਲੇਵਾਲਾ ਪ੍ਰਧਾਨ , ਗੋਰਾ ਗਿੱਲ , ਦੀਪ ਸਿੰਘ ਸਾਦਿਕ ਚੋਂਕ ਫਰੀਦਕੋਟ ਅਤੇ ਬੱਬੂ ਪ੍ਰਧਾਨ ਕੋਟਕਪੂਰਾ ਅਤੇ ਸਮੂਹ ਟੈਕਸੀ ਡਰਾਈਵਰ ਵੀਰ ਆਦਿ ਹਾਜ਼ਰ ਸਨ ।

## 'ਆਕਸਫੋਰਡ ਸੰਸਥਾ ਨੇ ਧੂਮਧਾਮ ਨਾਲ ਮਨਾਇਆ ਗਣਤੰਤਰਤਾ ਦਿਵਸ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 25 ਜਨਵਰੀ : 'ਦਾ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈਕਾ' ਇੱਕ ਅਜਿਹੀ ਮਾਣਮੱਤੀ ਵਿੱਦਿਅਕ ਸੰਸਥਾ ਹੈ, ਜੋ ਹਰ ਵਿਸ਼ੇਸ਼ ਦਿਵਸ ਨੂੰ ਵਿਸ਼ਸ਼ ਤੌਰ 'ਤੇ ਮਨਾਉਂਦੀ ਹੈ। ਇਸ ਸਕੂਲ ਵਿੱਚ ਦੇਸ਼ ਦੀ ਪ੍ਰਭੂਸੱਤਾ ਅਤੇ ਅਖੰਡਤਾ ਦਾ ਪ੍ਰਤੀਕ 'ਗਣਤੰਤਰਤਾ ਦਿਵਸ' ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦਾ ਆਗਾਜ਼ ਸ਼ਬਦ 'ਦੇਹਿ ਸ਼ਿਵਾ......' ਸ਼ਬਦ ਨਾਲ ਹੋਇਆ। ਇਸ ਤੋਂ ਬਾਅਦ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਨਾਲ ਸਬੰਧਤ ਇੱਕ ਗਰੁੱਪ ਡਾਂਸ ਪੇਸ਼ ਕੀਤਾ ਗਿਆ। ਪ੍ਰੀ ਨਰਸਰੀ ਅਤੇ ਐੱਲ.ਕੇ.ਜੀ. ਦੇ ਨੰਨ੍ਹੇ ਵਿਦਿਆਰਥੀਆਂ ਵੱਲੋਂ ਵੀ ਇੱਕ ਸਮੂਹਿਕ ਡਾਂਸ ਪੇਸ਼ ਕੀਤਾ ਗਿਆ। ਯੂ.ਕੇ.ਜੀ. ਅਤੇ ਪਹਿਲੀ ਕਲਾਸ ਦੇ ਵਿਦਿਆਰਥੀਆਂ ਨੇ ਇੱਕ ਕੋਰੀਓਗ੍ਰਾਫ਼ੀ ਪੇਸ਼ ਕਰਕੇ ਨੰਨ੍ਹੇ ਅਦਾਕਾਰ ਹੋਣ ਦਾ ਸਬੂਤ ਦਿੱਤਾ। ਦੂਜੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ 'ਇੰਡੀਅਨ ਬੀਟ' ਵਿੱਚ ਸਭ ਨੂੰ ਮਸਤ ਕਰ ਦਿੱਤਾ। ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੋਰੀਓਗ੍ਰਾਫ਼ੀ ਨਾਲ ਪ੍ਰੋਗਰਾਮ ਆਪਣੇ ਅੰਤਿਮ ਪੜਾਅ ਵੱਲ ਵਧਿਆ। ਵਿਦਿਆਰਥੀਆਂ ਨੇ 'ਨਸ਼ੇ ਵਿੱਚ ਨਾ ਹੋਵੋ ਗਲ਼ਤਾਨ, ਬਣ ਜਾਣੋ ਦੇਸ਼ ਦਾ ਮਾਣ' ਕੋਰੀਓਗ੍ਰਾਫ਼ੀ ਪੇਸ਼ ਕਰਕੇ ਸਭ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਦੇਸ਼ ਸਾਡੇ ਲਈ ਕੀ ਹੈ, ਅਸੀਂ ਦੇਸ਼ ਲਈ ਕੀ ਕਰ ਸਕਦੇ ਅਤੇ ਅਸੀਂ ਕਰ ਕੀ ਰਹੇ ਹਾਂ? ਜ਼ਿਕਰਯੋਗ ਹੈ ਕਿ ਇਸ ਦਿਨ ਇੰਟਰ ਹਾਊਸ ਡਿਸਪਲੇਅ ਬੋਰਡ ਕੰਪੀਟੀਸ਼ਨ ਵੀ ਕਰਵਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦੇ ਹੋਏ ਕਿਹਾ ਕਿ ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਦੇਸ਼ ਸਾਡੇ ਲਈ ਕੀ ਕਰ ਸਕਦਾ ਹੈ, ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਅਸੀਂ ਦੇਸ਼ ਲਈ ਕੀ ਕਰ ਸਕਦੇ ਹਾਂ। ਉਹਨਾਂ ਨੇ ਵਿਦਿਆਰਥੀਆਂ ਨੂੰ ਇਸ ਭਿੰਨਤਾਵਾਂ ਭਰੇ ਦੇਸ਼ ਦੀ ਅਖੰਡਤਾ ਨੂੰ ਕਾਇਮ ਰੱਖਣ ਦਾ ਸੁਨੇਹਾ ਦਿੱਤਾ। ਸਕੂਲ ਦੇ ਨੇਵੀ ਕੈਡਿਟ ਅਤੇ ਆਰਮੀ ਕੈਡਿਟ ਵੱਲੋਂ ਰਾਸ਼ਟਰੀ ਗਾਣ ਗਾ ਕੇ ਪ੍ਰੋਗਰਾਮ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ। ਇਸ ਸਮੇਂ ਸਕੂਲ ਦੇ ਸਾਰੇ ਅਧਿਆਪਕ ਸਾਹਿਬਾਨ ਅਤੇ ਕੁਆਰਡੀਨੇਟਰਜ਼ ਵੀ ਮੌਜੂਦ ਸਨ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਨੇ ਵੀ ਵਿਦਿਆਰਥੀਆਂ ਨੂੰ ਗਣਤੰਤਰਤਾ ਦਿਵਸ ਦੀਆਂ ਵਧਾਈਆਂ ਦਿੰਦਿਆਂ ਦੇਸ਼ ਦੇ ਚੰਗੇ ਨਾਗਰਿਕ ਬਣ ਕੇ ਦੇਸ਼ ਦੀ ਪ੍ਰਗਤੀ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

## 15 ਵਾਂ ਰਾਸ਼ਟਰੀ ਵੋਟਰ ਦਿਵਸ ਮਨਾਇਆ, ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦਾ ਕਰਵਾਇਆ ਪ੍ਰਣ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਫ਼ਰੀਦਕੋਟ, 25 ਜਨਵਰੀ : ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਦੇ ਵੋਟਰਾਂ ਨੂੰ ਵੋਟ ਦੇ ਹੱਕ ਦੀ ਮਹੱਤਤਾ ਲਈ ਜਾਗਰੂਕ ਕਰਨ ਲਈ 15ਵੇਂ ਰਾਸ਼ਟਰੀ ਵੋਟਰ ਦਿਵਸ ਦੇ ਸਬੰਧ ਵਿੱਚ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਦੀ ਅਗਵਾਈ ਹੇਠ ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ ਵਿਖੇ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ ਅਤੇ ਨਵੇਂ ਵੋਟਰਾਂ ਨੂੰ ਐਪਿਕ ਕਾਰਡ ਵੰਡੇ ਗਏ। ਇਸ ਸਮਾਗਮ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਹਰਜੋਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦਕਿ ਐਸ.ਡੀ.ਐਮ.ਕੋਟਕਪੂਰਾ/ਜੈਤੋ ਸ੍ਰੀ ਸੂਰਜ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਮੈਡਮ ਹਰਜੋਤ ਕੌਰ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਨਵੀਂ ਦਿੱਲੀ ਅਤੇ ਮੁੱਖ ਚੋਣ ਅਫਸਰ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਮਾਈ ਇੰਡੀਆ, ਮਾਈ ਵੋਟ–ਸਿਟੀਜਨ ਐਟ ਦੀ ਹਾਰਟ ਆਫ ਇੰਡੀਅਨ ਡੈਮੋਕ੍ਰੇਸੀ" ਥੀਮ ਹੇਠ ਅੱਜ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਦਿਵਸ ਭਾਰਤ ਚੋਣ ਕਮਿਸ਼ਨ ਦੀ ਸਥਾਪਨਾ (25 ਜਨਵਰੀ, 1950) ਦੀ ਯਾਦ ਵਿੱਚ ਮਨਾਇਆ ਜਾਂਦਾ ਹੈ, ਜਿਸ ਦਾ ਮੁੱਖ ਉਦੇਸ਼ ਨਾਗਰਿਕਾਂ, ਵਿਸ਼ੇਸ਼ ਕਰਕੇ ਨੌਜਵਾਨਾਂ ਦੀ ਚੋਣ ਪ੍ਰਕਿਰਿਆ ਵਿੱਚ ਭਾਗੀਦਾਰੀ ਵਧਾਉਣਾ ਹੈ। ਇਸ ਮੌਕੇ ਉਪ ਮੰਡਲ ਮੈਜਿਸਟ੍ਰੇਟ, ਕੋਟਕਪੂਰਾ-ਕਮ-ਚੋਣਕਾਰ ਰਜਿਸਟ੍ਰੇਸ਼ਨ ਅਫਸਰ, 088-ਕੋਟਕਪੂਰਾ ਸ੍ਰੀ ਸੂਰਜ, ਪੀ.ਸੀ.ਐੱਸ ਨੂੰ ਜ਼ਿਲ੍ਹੇ ਦੇ ਬੈਸਟ ਈ.ਆਰ.ਓ ਵਜੋਂ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਸ੍ਰੀ ਜਸਬੀਰ ਸਿੰਘ ਜੱਸੀ, ਨੋਡਲ ਅਫਸਰ ਫਾਰ ਸਵੀਪ, 87-ਫ਼ਰੀਦਕੋਟ ਵਿਧਾਨ ਸਭਾ ਹਲਕਾ ਨੂੰ ਬੈਸਟ ਨੋਡਲ ਅਫਸਰ ਵਜੋਂ ਸਨਮਾਨਿਤ ਕੀਤਾ ਗਿਆ। ਸ੍ਰੀ ਰਾਜੇਸ਼ ਕੁਮਾਰ ਕੱਕੜ, ਬੂਥ ਨੰਬਰ 157, 87-ਫ਼ਰੀਦਕੋਟ ਵਿਧਾਨ ਸਭਾ ਹਲਕਾ ਨੂੰ 18-19 ਸਾਲ ਉਮਰ ਵਰਗ ਦੇ ਸਭ ਤੋਂ ਵੱਧ ਨਵੇਂ ਵੋਟਰਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਜ਼ਿਲ੍ਹੇ ਦੇ ਬੈਸਟ ਬੀ.ਐੱਲ.ਓ ਵਜੋਂ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਪ੍ਰੀ ਸਪੈਸ਼ਲ ਇਨਟੈਂਨਸਿਵ ਰਿਵੀਸਨ ਐਕਟੀਵੀਟੀਸ ਤਹਿਤ ਹਰੇਕ ਵਿਧਾਨ ਸਭਾ ਹਲਕੇ ਵਿੱਚੋਂ ਸਭ ਤੋਂ ਵੱਧ ਡਾਟਾ ਮੈਪਿੰਗ ਕਰਨ ਵਾਲੇ ਇੱਕ-ਇੱਕ ਬੀ.ਐੱਲ.ਓ ਨੂੰ ਵੀ ਸਨਮਾਨਿਤ ਕੀਤਾ ਗਿਆ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰਾਂ ਲਈ ਚੋਣ ਪ੍ਰਕਿਰਿਆ ਨੂੰ ਹੋਰ ਆਸਾਨ ਬਣਾਉਣ ਲਈ ਕਈ ਡਿਜੀਟਲ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਇਸ ਸੰਦਰਭ ਵਿੱਚ ਈਸੀਆਈਨੈੱਟ ਪੋਰਟਲ ਦੀ ਲਾਂਚਿੰਗ ਬਾਰੇ ਜਾਣਕਾਰੀ ਦਿੱਤੀ ਗਈ, ਜਿਸ ਰਾਹੀਂ ਵੋਟਰ ਰਜਿਸਟਰੇਸ਼ਨ, ਵੋਟਰ ਕਾਰਡ ਵਿੱਚ ਸੋਧ ਅਤੇ ਚੋਣਾਂ ਨਾਲ ਸਬੰਧਤ ਸਾਰੀਆਂ ਸੇਵਾਵਾਂ ਇੱਕ ਹੀ ਪਲੇਟਫਾਰਮ ਤੋਂ ਉਪਲਬਧ ਹਨ। ਉਨ੍ਹਾਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਚੋਣਾਂ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਮੈਡਮ ਨੀਲਮ ਰਾਣੀ, ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਮੈਡਮ ਅੰਜਨਾ ਕੌਂਸਲ, ਸਵੀਪ ਆਈਕੋਨ ਪ੍ਰਿੰਸੀਪਲ ਸ੍ਰੀ ਰਾਜੇਸ਼ ਮੋਹਨ, ਪ੍ਰੋ. ਡਾ. ਰੁਪਿੰਦਰ ਕੌਰ, ਰਮਨਦੀਪ ਕਲੇਰ ਲੈਕਚਰਾਰ ਡਾਈਟ ਫਰੀਦਕੋਟ, ਪ੍ਰੋ. ਜਸਬੀਰ ਕੌਰ, ਪ੍ਰੋ.ਬੀਰਇੰਦਰਜੀਤ ਸਿੰਘ, ਪ੍ਰੋ. ਰਣਜੀਤ ਸਿੰਘ, ਪ੍ਰੋ. ਸੰਦੀਪ ਸਿੰਘ, ਡਾ. ਰੁਪਿੰਦਰਜੀਤ ਕੌਰ, ਪ੍ਰੋ. ਰਾਜੇਸ਼ਵਰੀ ਦੇਵੀ, ਪ੍ਰੋ. ਸੁਖਪਾਲ ਕੌਰ, ਪ੍ਰੋ. ਮਨਵਿੰਦਰ ਕੌਰ, ਪ੍ਰੋ. ਰਿਮੀ, ਸ਼੍ਰੀਮਤੀ ਕਰਮਜੀਤ ਕੌਰ, ਮੈਡਮ ਜਸਪ੍ਰੀਤ ਕੌਰ, ਮੈਡਮ ਅਮਨਦੀਪ ਕੌਰ, ਸ. ਬੇਅੰਤ ਸਿੰਘ, ਸ. ਬਲਜਿੰਦਰ ਸਿੰਘ ਤੋਂ ਇਲਾਵਾ ਜ਼ਿਲ੍ਹਾ ਚੋਣ ਦਫਤਰ ਦਾ ਸਮੂਹ ਸਟਾਫ ਹਾਜ਼ਰ ਸੀ। ਇਸ ਮੌਕੇ ਸਟੇਜ ਸੱਕਤਰ ਦੀ ਭੂਮਿਕਾ ਸ੍ਰੀ ਜਸਬੀਰ ਜੱਸੀ ਜਿਲ੍ਹਾ ਗਾਈਡੈਂਸ ਕੌਂਸਲਰ ਵੱਲੋਂ ਬਾਖੂਬੀ ਨਿਭਾਈ ਗਈ।

## ਨਾਟਸ਼ਾਲਾ ਅੰਮ੍ਰਿਤਸਰ ਦੇ ਬਾਨੀ ਤੇ ਨਾਟਕਕਾਰ ਜਤਿੰਦਰ ਬਰਾੜ ਅੱਜ ਸੁਰਗਵਾਸ

### ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਅਫ਼ਸੋਸ ਦਾ ਪ੍ਰਗਟਾਵਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ: 25 ਜਨਵਰੀ : ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਨਾਟਸ਼ਾਲਾ ਸੰਸਥਾ ਅੰਮ੍ਰਿਤਸਰ ਦੇ ਬਾਨੀ ਤੇ ਪ੍ਰਸਿੱਧ ਨਾਟਕਕਾਰ ਜਤਿੰਦਰ ਬਰਾੜ ਦੇ ਦੇਹਾਂਤ ਤੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ। ਪ੍ਰੋ. ਗਿੱਲ ਨੇ ਕਿਹਾ ਕਿ ਉਹ ਨਾਟ ਜਗਤ ਦੇ ਭੀਸ਼ਮ ਪਿਤਾਮਾ ਸਨ।

ਅੰਮ੍ਰਿਤਸਰ ਵਿੱਚ ਆਪਣੀ ਵਿਸ਼ਾਲ ਫੈਕਟਰੀ ਦੇ ਅੰਦਰ ਨਾਟਸ਼ਾਲਾ ਦੀ ਸਥਾਪਨਾ ਕਰਕੇ ਉਨ੍ਹਾਂ ਨਾਟਕ ਸਰਗਰਮੀਆਂ ਨੂੰ ਭਰਪੂਰ ਹੁਲਾਰਾ ਦਿੱਤਾ।

ਮੈਨੂੰ ਮਾਣ ਹੈ ਕਿ ਮੈਂ ਉਨ੍ਹਾਂ ਦਾ ਪਿਆਰ ਪਾਤਰ ਰਿਹਾ ਹਾਂ ਕਿਉਂਕਿ ਉਹ ਮੇਰੇ ਵੱਡੇ ਭਾ ਜੀ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜੀ ਦੇ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਲੁਧਿਆਣਾ ਵਿੱਚ ਚਹੇਤੇ ਵਿਦਿਆਰਥੀ ਹੋਣ ਕਾਰਨ ਸਨੇਹ ਕਰਦੇ ਸਨ। ਉਨ੍ਹਾਂ ਦਾ ਪਹਿਲ ਪਲੇਠਾ ਨਾਟਕ " ਲੋਹੇ ਦੀ ਭੱਠੀ" ਪੜ੍ਹਨ ਦਾ ਸੁਭਾਗ ਵੀ ਪ੍ਰੋ. ਵੜੈਚ ਕਾਰਨ ਹੀ ਮਿਲਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਸ ਪ ਸਿੰਘ ,ਪੰਜਾਬੀ ਨਾਟਕ ਕਾਰ ਡਾ. ਆਤਮਜੀਤ ਸਿੰਘ ਮੋਹਾਲੀ, ਡਾ. ਹਰਿਭਜਨ ਸਿੰਘ ਭਾਟੀਆ (ਡਾ.) ਸੁਰਤਿ ਮੈਗਜ਼ੀਨ ਦੇ ਸੰਪਾਦਕ ਡਾ. ਗੁਰਬੀਰ ਸਿੰਘ ਬਰਾੜ,ਪੰਜਾਬੀ ਕਵੀ ਤ੍ਰੈਲੋਚਨ ਲੋਚੀ, ਸਹਿਜਪ੍ਰੀਤ ਸਿੰਘ ਮਾਂਗਟ , ਡਾ. ਗੁਰਇਕਬਾਲ ਸਿੰਘ, ਮਨਜਿੰਦਰ ਧਨੋਆ, ਨਾਟਕਕਾਰ ਤੇ ਪੀਏ ਯੂ ਦੇ ਡਾਇਰੈਕਟਰ ਯੁਵਕ ਭਲਾਈ ਡਾ. ਨਿਰਮਲ ਜੌੜਾ ਤੇ ਪੰਜਾਬੀ ਸਾਹਿੱਤ ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਭੱਠਲ ਨੇ ਵੀ ਜਤਿੰਦਰ ਬਰਾੜ ਜੀ ਦੇ ਦੇਹਾਂਤ ਤੇ ਦੁੱਖ ਪ੍ਰਗਟ ਕੀਤਾ ਹੈ।

ਜਤਿੰਦਰ ਬਰਾੜ ਜੀ ਦੇ ਦੇਹਾਂਤ ਤੇ ਦੁੱਖ ਪ੍ਰਗਟ ਕਰਦਿਆਂ ਖ਼ਾਲਸਾ ਕਾਲਿਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਦੱਸਿਆ ਕਿ ਸੁਰਤਿ ਮੈਗਜ਼ੀਨ ਦੇ ਬਸੰਤ ਅੰਕ ਵਿੱਚ ਇਸ ਵਾਰ ਡਾ. ਹਰਿਭਜਨ ਸਿੰਘ ਭਾਟੀਆ ਜੀ ਵੱਲੋਂ ਲਿਖਿਆ ਜਤਿੰਦਰ ਬਰਾੜ ਜੀ ਬਾਰੇ ਵੱਡ ਆਕਾਰੀ ਲੇਖ ਪ੍ਰਕਾਸ਼ਿਤ ਕੀਤਾ ਗਿਆ ਹੈ ਪਰ ਉਨ੍ਹਾਂ ਨੂੰ ਪੜ੍ਹਨਾ ਨਸੀਬ ਨਹੀਂ ਹੋਇਆ। ਪੰਜਾਬੀ ਸਾਹਿੱਤ ਅਕਾਦਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਪੰਜਾਬੀ ਭਵਨ ਲੁਧਿਆਣਾ ਵਿਖੇ ਅਕਾਡਮੀ ਵੱਲੋਂ ਉਨ੍ਹਾਂ ਨੂੰ ਸ. ਗੁਰਸ਼ਰਨ ਸਿੰਘ ਯਾਦਗਾਰੀ ਪੁਰਸਕਾਰ ਦਿੱਤਾ ਗਿਆ ਸੀ।

ਸ. ਬਰਾੜ ਨੇ ਕੁਦੇਸਣ ਫ਼ਿਲਮ ਦੀ ਕਹਾਣੀ ਵੀ ਲਿਖੀ ਸੀ। ਉਨ੍ਹਾਂ ਦੇ ਲਿਖੇ ਨਾਟਕਾਂ ਵਿੱਚ ਸ. ਗੁਰਸ਼ਰਨ ਸਿੰਘ , ਕੇਵਲ ਧਾਲੀਵਾਲ, ਜਤਿੰਦਰ ਕੌਰ, ਹਰਭਜਨ ਸਿੰਘ ਜੱਬਲ ਤੇ ਹਰਦੀਪ ਗਿੱਲ ਤੇ ਅਨੀਤਾ ਵੀ ਅਦਾਕਾਰੀ ਕਰਦੇ ਰਹੇ ਹਨ।

ਉਨ੍ਹਾਂ ਦੇ ਲਿਖੇ ਨਾਟਕਾਂ ਵਿੱਚ ਲੋਹੇ ਦੀ ਭੱਠੀ,ਕੁਦੇਸਣ,ਟੋਆ,ਫ਼ਾਈਲ ਚੱਲਦੀ ਹੈ,ਫ਼ਾਸਲੇ,ਅਰਮਾਨ, ਮਿਰਚ ਮਸਾਲਾ ਤੇ ਪਾਏਦਾਨ ਪ੍ਰਮੁੱਖ ਹਨ।

## ਮੇਅਰ ਪਦਮਜੀਤ ਸਿੰਘ ਮਹਿਤਾ ਦੀ ਅਗਵਾਈ ਹੇਠ ਐਫ ਐਂਡ ਸੀ ਸੀ ਦੀ ਮੀਟਿੰਗ ਆਯੋਜਿਤ, 25 ਕਰੋੜ ਰੁਪਏ ਦੇ ਵਿਕਾਸ ਏਜੰਡਿਆਂ ਨੂੰ ਪ੍ਰਵਾਨਗੀ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 25 ਜਨਵਰੀ : ਬਠਿੰਡਾ ਨਗਰ ਨਿਗਮ ਵਿਖੇ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਦੀ ਪ੍ਰਧਾਨਗੀ ਹੇਠ ਵਿੱਤ ਅਤੇ ਠੇਕਾ ਕਮੇਟੀ (ਐਫ ਐਂਡ ਸੀ ਸੀ) ਦੀ ਇੱਕ ਮਹੱਤਵਪੂਰਨ ਮੀਟਿੰਗ ਹੋਈ, ਜਿਸ ਵਿੱਚ ਸ਼ਹਿਰ ਦੇ ਸਮੁੱਚੇ ਵਿਕਾਸ ਨਾਲ ਸਬੰਧਤ ਲਗਭਗ 25 ਕਰੋੜ ਰੁਪਏ ਦੇ 12 ਮਹੱਤਵਪੂਰਨ ਏਜੰਡਿਆਂ 'ਤੇ ਵਿਸਥਾਰ ਨਾਲ ਚਰਚਾ ਕਰਦਿਆਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਇਸ ਦੌਰਾਨ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਦੇ ਨਾਲ ਕਮਿਸ਼ਨਰ ਮੈਡਮ ਕੰਚਨ, ਸੀਨੀਅਰ ਡਿਪਟੀ ਮੇਅਰ ਸ੍ਰੀ ਸ਼ਾਮ ਲਾਲ ਜੈਨ, ਐਫ ਐਂਡ ਸੀ ਸੀ ਮੈਂਬਰ ਮੈਡਮ ਪ੍ਰਵੀਨ ਗਰਗ, ਸ੍ਰੀ ਰਤਨ ਰਾਹੀ ਅਤੇ ਸ੍ਰੀ ਉਮੇਸ਼ ਗਰਗ ਗੋਗੀ, ਕਾਰਜਕਾਰੀ ਇੰਜੀਨੀਅਰ ਸ੍ਰੀ ਰਾਜਿੰਦਰ ਕੁਮਾਰ ਅਤੇ ਸ੍ਰੀ ਨੀਰਜ ਕੁਮਾਰ ਸਮੇਤ ਮੇਅਰ ਦੇ ਪੀਏ ਸ੍ਰੀ ਸੁਰੇਸ਼ ਸੇਤੀਆ ਮੌਜੂਦ ਸਨ।

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਮੀਟਿੰਗ ਤੋਂ ਬਾਅਦ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸ਼ਹਿਰ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਹੋਈ ਮੀਟਿੰਗ ਵਿੱਚ ਸ਼ਹਿਰ ਦੀਆਂ ਸੜਕਾਂ ਦੇ ਸੁੰਦਰੀਕਰਨ, ਸੀਵਰੇਜ ਸਿਸਟਮ ਨੂੰ ਮਜ਼ਬੂਤ ਕਰਨ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਪ੍ਰਬੰਧਨ ਨਾਲ ਸਬੰਧਤ ਏਜੰਡਿਆਂ 'ਤੇ ਚਰਚਾ ਕੀਤੀ ਗਈ, ਤਾਂ ਜੋ ਆਮ ਲੋਕਾਂ ਨੂੰ ਬਿਹਤਰ ਸਹੂਲਤਾਂ ਮਿਲ ਸਕਣ।

ਉਨ੍ਹਾਂ ਦੱਸਿਆ ਕਿ ਸੈਨੀਟੇਸ਼ਨ ਸਿਸਟਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ, ਘਰ-ਘਰ ਕੂੜਾ ਇਕੱਠਾ ਕਰਨ ਲਈ 15 ਟਰੈਕਟਰ-ਟਰਾਲੀਆਂ ਖਰੀਦਣ ਸਬੰਧੀ ਏਜੰਡੇ ਪਾਸ ਕੀਤੇ ਗਏ, ਨਾਲ ਹੀ ਸੀਵਰੇਜ ਸਿਸਟਮ ਦੇ ਸੁਚਾਰੂ ਕੰਮਕਾਜ ਲਈ ਦੋ ਜੈਟਿੰਗ ਮਸ਼ੀਨਾਂ ਅਤੇ ਦੋ ਸਕਸ਼ਨ ਮਸ਼ੀਨਾਂ ਵੀ ਖਰੀਦੀਆਂ ਜਾਣਗੀਆਂ।

ਮੇਅਰ ਸ੍ਰੀ ਮਹਿਤਾ ਨੇ ਕਿਹਾ ਕਿ ਨਗਰ ਨਿਗਮ ਦਾ ਟੀਚਾ ਬਠਿੰਡਾ ਨੂੰ ਇੱਕ ਸਾਫ਼, ਸੁੰਦਰ ਅਤੇ ਆਧੁਨਿਕ ਸ਼ਹਿਰ ਵਜੋਂ ਵਿਕਸਤ ਕਰਨਾ ਹੈ ਅਤੇ ਇਸ ਲਈ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

## ਪ੍ਰੈੱਸ ਕਲੱਬ ਬਠਿੰਡਾ ਦਿਹਾਤੀ(ਰਜਿ:) ਵੱਲੋਂ ਲਗਾਇਆ ਗਿਆ ਅੱਖਾਂ ਦਾ ਮੁਫ਼ਤ ਜਾਂਚ ਕੈਂਪ ।

### ਵੱਡੀ ਗਿਣਤੀ ਇਲਾਕਾ ਨਿਵਾਸੀਆਂ ਨੇ ਲਿਆ ਕੈਂਪ ਦਾ ਲਾਹਾ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ ,25 ਜਨਵਰੀ : ਪੱਤਰਕਾਰਾਂ,ਪੱਤਰਕਾਰੀ ਅਤੇ ਦੱਬੇ ਕੁਚਲੇ ਲੋਕਾਂ ਦੇ ਹੱਕਾਂ ਅਤੇ ਹਿੱਤਾਂ ਦੀ ਪਹਿਰੇਦਾਰੀ ਕਰਨ ਦੇ ਨਾਲ ਸਮਾਜ ਭਲਾਈ ਕਾਰਜਾਂ ਨੂੰ ਸਮਾਂਤਰ ਲੈਕੇ ਚੱਲਣ ਵਾਲਾ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ (ਰਜਿ) ਅੱਜ ਕਿਸੇ ਜਾਣ ਪਹਿਚਾਣ ਦਾ ਮੁਹਤਾਜ਼ ਨਹੀਂ। ਆਪਣੀ ਹੋਂਦ ਤੋਂ ਲੈਕੇ ਹੁਣ ਤੱਕ ਦੇ ਬੜੇ ਸੀਮਤ ਜਿਹੇ ਸਮੇਂ ਦੌਰਾਨ ਕਲੱਬ ਵੱਲੋਂ ਜਿੱਥੇ ਸੈਂਕੜੇ ਹੀ ਪੇੜ ਪੌਦੇ ਲਗਾਏ ਗਏ ਹਨ ਉੱਥੇ ਹੀ ਅਲੱਗ ਅਲੱਗ ਪਿੰਡਾਂ ਵਿੱਚ ਦਰਜਨਾਂ ਹੀ ਸਿਹਤ ਜਾਂਚ ਕੈਂਪ ਲਗਾ ਚੁੱਕਾ ਹੈ। ਇਸੇ ਲੜੀ ਨੂੰ ਅੱਗੇ ਤੋਰਦਿਆਂ





ਪ੍ਰੈੱਸ ਕਲੱਬ ਬਠਿੰਡਾ ਦਿਹਾਤੀ (ਰਜਿ:)ਵੱਲੋਂ ਅੱਜ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਪਿੰਡ ਕਟਾਰ ਸਿੰਘ ਵਾਲਾ ਦੀ ਧਰਮਸ਼ਾਲਾ ਵਿੱਚ ਲਗਾਇਆ ਗਿਆ।ਇਸ ਕੈਂਪ ਵਿੱਚ ਅੱਖਾਂ ਦੇ ਮਾਹਿਰ ਡਾਕਟਰ ਹਰਜੀਤ ਸਿੰਘ ਤੇ ਉਨ੍ਹਾਂ ਦੇ ਸਹਿਯੋਗੀ ਵਿਕਾਸ ਸਿੰਘ ਵਿਸ਼ੇਸ਼ ਤੌਰ ਤੇ ਪੁੱਜੇ। ਇਸ ਕੈਂਪ ਦਾ ਲਾਹਾ ਲੈਣ ਪੁੱਜੇ ਵੱਡੀ ਗਿਣਤੀ ਇਲਾਕਾ ਨਿਵਾਸੀਆਂ ਨੇ ਆਪਣੀਆਂ ਅੱਖਾਂ ਦਾ ਚੈੱਕਅਪ ਕਰਵਾਇਆ।ਇਸ ਮੌਕੇ ਸਰਕਾਰੀ ਹਾਈ ਸਕੂਲ ਦੇ ਬੱਚਿਆਂ ਤੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਡਾਕਟਰ ਹਰਜੀਤ ਸਿੰਘ ਨੇ ਅੱਖਾਂ ਦੀ ਸਾਂਭ ਸੰਭਾਲ ਸਬੰਧੀ ਜਾਣਕਾਰੀ ਦਿੱਤੀ ਗਈ ਤੇ ਅੱਖਾਂ ਨੂੰ ਬੀਮਾਰੀਆਂ ਤੋਂ ਬਚਾਅ ਲਈ ਸੁਝਾਅ ਦਿੱਤੇ ਗਏ। ਡਾਕਟਰ ਹਰਜੀਤ ਸਿੰਘ ਵੱਲੋਂ ਬੱਚਿਆਂ ਦੀਆਂ ਅੱਖਾਂ ਦੇ ਚੈੱਕਅਪ ਦੌਰਾਨ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ।ਇਸ ਕੈਂਪ ਵਿੱਚ ਪ੍ਰੈਸ ਕਲੱਬ ਬਠਿੰਡਾ ਦਿਹਾਤੀ ਦੇ ਪ੍ਰਧਾਨ ਗੁਰਜੀਤ ਚੌਹਾਨ, ਸਰਪ੍ਰਸਤ ਜਸਕਰਨ ਸਿੰਘ ਸਿਵੀਆ, ਜਨਰਲ ਸਕੱਤਰ ਸੁਰਿੰਦਰਪਾਲ ਸਿੰਘ ਬੱਲੂਆਣਾ, ਖਜ਼ਾਨਚੀ ਨਸ਼ੀਬ ਚੰਦ ਸ਼ਰਮਾ ਬਾਲਿਆਂ ਵਾਲੀ, ਸੀਨੀਅਰ ਪੱਤਰਕਾਰ ਸੱਤਪਾਲ ਮਾਨ, ਸੀਨੀਅਰ ਪੱਤਰਕਾਰ ਬਲਜਿੰਦਰ ਸਿੰਘ ਕੋਟ ਭਾਰਾ ਵੱਲੋਂ ਡਾਕਟਰ ਹਰਜੀਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ।ਇਸ ਤੋਂ ਇਲਾਵਾ ਪੱਤਰਕਾਰ ਜਸਵੀਰ ਸਿੰਘ ਕਟਾਰ ਸਿੰਘ ਵਾਲਾ, ਪੱਤਰਕਾਰ ਦਵਿੰਦਰ ਸਿੰਘ ਮਾਨ ਆਦਿ ਹਾਜ਼ਰ ਸਨ।

## 16 ਸਾਲ ਬਾਅਦ ਮੈਂ ਇਕ ਵਾਰ ਫੇਰ ਸੜੀ ਹਾਂ : ਸ਼ਾਹੀਨ


### ਪਹਿਲਾਂ ਮੇਰੀ ਦੇਹ ਸੜੀ...ਫੇਰ ਸੁਪਨੇ...ਤੇ ਹੁਣ ਨਿਆਂ ਦੀ ਉਮੀਦ...

ਵਰਲਡ ਪੰਜਾਬੀ ਟਾਈਮਜ਼
ਕੁਲਦੀਪ ਸਿੰਘ ਦੀਪ (ਡਾ.)

ਸ਼ਾਹੀਨ ਨੂੰ ਅੱਜ ਵੀ ਤੇਜ਼ਾਬ ਦਾ ਰੰਗ ਯਾਦ ਹੈ।
ਤੇਜ਼ਾਬ ਦੇ ਕਹਿਰ ਦਾ ਉਹ ਰੰਗ, ਜੋ 19 ਨਵੰਬਰ 2009 ਦੀ ਉਸ ਸ਼ਾਮ ਉਸਦੀ ਜ਼ਿੰਦਗੀ ਵਿੱਚ ਘੁਲ ਗਿਆ ਸੀ। ਸੜਨ... ਦਰਦ... ਚੀਕਾਂ...ਅਤੇ ਹੋਰ ਬਹੁਤ ਕੁਝ... ਇੱਕੋ ਪਲ ਵਿੱਚ....
ਜੇ ਉਹ ਸ਼ਾਮ ਉਸਦੀ ਦੇਹ ਨੂੰ ਸਾੜ ਗਈ ਸੀ ਤਾਂ 16 ਸਾਲ ਬਾਅਦ ਹੁਣ 2025 ਦੇ ਅਖੀਰਲੇ ਦਿਨਾਂ ਵਿਚ ਆਇਆ ਅਦਾਲਤੀ ਫ਼ੈਸਲਾ ਉਸਦੀ ਉਮੀਦਾਂ ਨੂੰ ਰਾਖ ਕਰ ਗਿਆ।

ਫ਼ੈਸਲੇ ਤੋਂ ਇੱਕ ਰਾਤ ਪਹਿਲਾਂ ਸ਼ਾਹੀਨ ਸੋ ਨਹੀਂ ਸਕੀ। ਉਸਨੂੰ ਲੱਗਿਆ ਸੀ ਕਿ ਸ਼ਾਇਦ ਹੁਣ ਉਸਦੀ 16 ਸਾਲਾਂ ਦੀ ਲੜਾਈ ਦਾ ਅੰਤ ਹੋਵੇਗਾ ਅਤੇ ਇਨਸਾਫ਼ ਮਿਲੇਗਾ। ਸਵੇਰੇ ਹੀ ਉਹ ਅਦਾਲਤ ਪਹੁੰਚ ਗਈ, ਹਾਲਾਂਕਿ ਫ਼ੈਸਲਾ ਦੁਪਹਿਰ ਬਾਅਦ ਆਉਣਾ ਸੀ। ਉਸ ਨੂੰ ਲਗਦਾ ਸੀ ਕਿ ਅੱਜ ਉਸ ਦੀ ਜ਼ਿੰਦਗੀ ਵਿਚ ਕੁਝ ਨਾ ਕੁਝ ਹੋਏਗਾ..
ਪਰ ਹੋਇਆ ਕੀ?
ਅਦਾਲਤ ਨੇ ਸਾਰੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ।
"ਇੱਕ ਪਲ ਵਿੱਚ ਸਭ ਕੁਝ ਉਲਟ ਗਿਆ"
"ਮੇਰੀਆਂ ਸਾਰੀਆਂ ਉਮੀਦਾਂ, ਸਾਰਾ ਜੋਸ਼ ਟੁੱਟ ਗਿਆ। ਅਚਾਨਕ ਮੈਂ ਮੁੜ 2009 ਵਿੱਚ ਪਹੁੰਚ ਗਈ।"
ਇਕ ਇਕ ਕਰਕੇ ਉਹ ਸਾਰੇ ਪਲ ਉਸ ਦੀਆਂ ਅੱਖਾਂ ਸਾਮ੍ਹਣੇ ਘੁੰਮ ਗਏ...
ਹਵਾ ਨੂੰ ਗੰਢਾਂ ਦੇਣ ਵਾਲੀ ਸੀ ਉਹ ਉਮਰ... ਪਾਣੀਪੱਤ ਦੀ ਇਸ ਕੁੜੀ ਨੇ ਵਿਦਿਆਰਥੀ-ਕੌਂਸਲਰ ਦੇ ਤੌਰ ਤੇ ਆਪਣੀ ਜੌਬ ਸ਼ੁਰੂ ਕੀਤੀ ਸੀ...
ਉਸ ਦਾ ਬੌਸ ਹੀ ਉਸ ਦੇ ਸੁਪਨਿਆਂ ਨੂੰ ਗ੍ਰਹਿਣ ਵਾਂਗ ਲੱਗ ਗਿਆ...
ਉਹ ਜੋ ਕੁਝ ਸ਼ਾਹੀਨ ਤੋਂ ਚਾਹੁੰਦਾ ਸੀ...ਸ਼ਾਹੀਨ ਉਸ ਲਈ ਤਿਆਰ ਨਾ ਹੋਈ...
ਕਈ ਮਹੀਨਿਆਂ ਤੱਕ ਇਸੇ ਕਸ਼ਮਕਸ਼ 'ਚ ਫਸੇ ਰਹਿਣ ਤੋਂ ਬਾਅਦ ਆਖਿਰ ਸ਼ਾਹੀਨ ਨੇ 1 ਨਵੰਬਰ 2009 ਨੂੰ ਅਸਤੀਫ਼ਾ ਦੇ ਦਿੱਤਾ। 1 ਦਸੰਬਰ ਨੂੰ ਉਸਦਾ ਆਖ਼ਰੀ ਕੰਮਕਾਜੀ ਦਿਨ ਹੋਣਾ ਸੀ ਪਰ ਇਹ ਦਿਨ ਉਸ ਦੇ ਸੁਨਹਿਰੇ ਸੁਪਨਿਆਂ ਦਾ ਕਾਤਲ ਹੋ ਨਿਬੜਿਆ...
ਜਦ ਉਹ ਅਸਤੀਫਾ ਦੇ ਕੇ ਘਰ ਮੁੜ ਰਹੀ ਸੀ... ਉਸੇ ਬੌਸ ਦੁਆਰਾ ਪੈਸੇ ਦੇ ਕੇ ਖਰੀਦੇ ਇਕ ਮੁੰਡੇ ਰਾਹੀਂ ਤੇਜਾਬੀ ਹਮਲੇ ਦਾ ਸ਼ਿਕਾਰ ਹੋ ਗਈ..
ਤੇਜ਼ਾਬੀ ਹਮਲੇ ਤੋਂ ਬਾਅਦ ਸ਼ਾਹੀਨ ਦੀ ਜ਼ਿੰਦਗੀ ਥਾਣਿਆਂ, ਹਸਪਤਾਲਾਂ ਅਤੇ ਓਪਰੇਸ਼ਨ ਥੀਏਟਰਾਂ ਵਿਚਕਾਰ ਸਿਮਟ ਕੇ ਰਹਿ ਗਈ।
25 ਤੋਂ ਵੱਧ ਸਰਜ਼ਰੀਆਂ...
ਅੱਖਾਂ ਦੀ ਰੌਸ਼ਨੀ ਦਾ ਨੁਕਸਾਨ....
ਕਰੀਬ ਤਿੰਨ ਸਾਲਾਂ ਤੱਕ ਚੱਲਿਆ ਦਰਦਨਾਕ ਇਲਾਜ...
ਤੇ 16 ਸਾਲ ਜਲਾਲਤ ਭਰਿਆ ਅਦਾਲਤੀ ਮੁਕੱਦਮਾ...
ਪੁਲਿਸ ਨੇ ICU ਵਿੱਚ ਸ਼ਾਹੀਨ ਦਾ ਪਹਿਲਾ ਬਿਆਨ ਦਰਜ ਕੀਤਾ। FIR ਵਿੱਚ ਲਿਖਿਆ ਗਿਆ ਕਿ ਉਹ ਦੋਸ਼ੀਆਂ ਨੂੰ ਪਛਾਣ ਸਕਦੀ ਹੈ, ਪਰ ਕਿਸੇ ਦਾ ਨਾਮ ਨਹੀਂ ਲਿਖਿਆ ਗਿਆ।
ਫਿਰ... ਇੱਕ ਮਹੀਨਾ ਪੁਲਿਸ ਨੇ ਕੋਈ ਸੰਪਰਕ ਨਾ ਕੀਤਾ...
1 ਜਨਵਰੀ 2010 ਨੂੰ, ਓਪਰੇਸ਼ਨ ਵਾਲੇ ਦਿਨ, ਉਸਦੇ ਪਿਤਾ ਨੇ ਮੁੜ ਪੁਲਿਸ ਨੂੰ ਫ਼ੋਨ ਕੀਤਾ। ਤਦ ਸ਼ਾਹੀਨ ਨੇ ਆਪਣੇ ਬੌਸ ਅਤੇ ਉਸ ਦੀ ਪਤਨੀ ਦਾ ਨਾਮ ਲਿਆ।
ਪਰ ਉਦੋਂ ਤਕ ਪਰਦੇ ਦੇ ਪਿੱਛੇ ਬਹੁਤ ਕੁਝ ਸੈਟਲ ਹੋ ਚੁੱਕਾ ਸੀ...
ਉਸ ਦੇ ਬਿਆਨ ਨੂੰ ਅਣਗੌਲਿਆ ਕਰਕੇ ਮਾਰਚ 2010 ਵਿੱਚ ਪੁਲਿਸ ਨੇ 'ਅਨਟ੍ਰੇਸਡ ਰਿਪੋਰਟ' ਦਾਖ਼ਲ ਕਰ ਦਿੱਤੀ...ਅਰਥਾਤ ਕੇਸ ਨੂੰ ਦੱਬ ਦਿੱਤਾ ਗਿਆ।
ਅਗਲੇ ਚਾਰ ਸਾਲ ਇਸੇ ਤਰ੍ਹਾਂ ਲੰਘ ਗਏ।
2013 ਵਿੱਚ, ਮਾਲੀ ਤੰਗੀ ਨਾਲ ਜੂਝਦਿਆਂ, ਸ਼ਾਹੀਨ ਨੇ ਹਰਿਆਣਾ ਸਰਕਾਰ ਨੂੰ ਮੁਆਵਜ਼ੇ ਲਈ ਚਿੱਠੀ ਲਿਖੀ।
ਇਹ ਚਿੱਠੀ ਮੁੱਖ ਨਿਆਂਇਕ ਮੈਜਿਸਟ੍ਰੇਟ ਡਾ. ਪਰਮਿੰਦਰ ਕੌਰ ਤੱਕ ਪਹੁੰਚੀ।
ਉਸ ਭਲੀਮਾਨਸ ਔਰਤ ਨੇ ਕੇਸ ਮੁੜ ਖੋਲ੍ਹਵਾਇਆ। ਚਾਰਜਸ਼ੀਟ ਮੁਤਾਬਕ, ਬੌਸ, ਉਸਦੀ ਪਤਨੀ ਅਤੇ ਇੱਕ ਨਾਬਾਲਿਗ ਰਿਸ਼ਤੇਦਾਰ ਨੇ ਮਿਲ ਕੇ ਹਮਲੇ ਦੀ ਯੋਜਨਾ ਬਣਾਈ ਅਤੇ ਇੱਕ ਵਿਦਿਆਰਥੀ ਨੂੰ ਪੈਸੇ ਦਿੱਤੇ।
ਨਾਬਾਲਿਗ ਨੂੰ 2015 ਵਿੱਚ ਦੋਸ਼ੀ ਕਰਾਰ ਦਿੱਤਾ ਗਿਆ। ਬਾਕੀ ਦੋਸ਼ੀਆਂ ਖ਼ਿਲਾਫ਼ ਕੇਸ ਅਜੇ ਵੀ ਚੱਲਦਾ ਰਿਹਾ।
ਆਖਿਰ ਉਹੀ ਹੋਇਆ ਜੋ ਅਕਸਰ ਹੁੰਦਾ ਹੈ...
ਸਬੂਤਾਂ ਦੀ ਕਮੀ...ਗਵਾਹਾਂ ਦਾ ਪਲਟ ਜਾਣਾ...ਤੇ ਹੋਰ ਬਹੁਤ ਕੁਝ...ਨਤੀਜਾ ਸਾਰੇ ਮੁਲਜ਼ਮ ਬਰੀ...
ਜੱਜ ਦੀ ਇਹ ਟਿੱਪਣੀ ਸਿਸਟਮ ਦੇ ਮੂੰਹ ਤੇ ਤਮਾਚੇ ਵਰਗੀ ਹੈ :
"ਬਰੀ ਹੋਣ ਦਾ ਮਤਲਬ ਇਹ ਨਹੀਂ ਕਿ ਗੁਨਾਹ ਨਹੀਂ ਹੋਇਆ ਬਲਕਿ ਇਹ ਹੈ ਕਿ ਗੁਨਾਹ ਨੂੰ ਕਨੂੰਨੀ ਤੌਰ ਤੇ ਸਾਬਿਤ ਨਹੀਂ ਕੀਤਾ ਜਾ ਸਕਿਆ..."
ਜੱਜ ਦੇ ਇਹਨਾਂ ਸ਼ਬਦਾਂ ਵਿਚੋਂ ਝਰ ਰਹੀਂ ਬੇਬਸੀ ਹੀ ਸਾਡੀਆਂ ਸਰਕਾਰਾਂ, ਪੁਲਿਸ ਅਤੇ ਨਿਆਂ ਵਿਵਸਥਾ ਦਾ ਕਰੂਰ ਸੱਚ ਹੈ...
ਸ਼ਾਹੀਨ ਕਹਿੰਦੀ ਹੈ :
"ਜਿੰਨਾ ਦਰਦ ਇਹ ਸਭ ਨਹੀਂ ਦੇ ਸਕੇ, ਉੱਨਾ ਉਸ ਨਿਆਂ ਪ੍ਰਣਾਲੀ ਨੇ ਦਿੱਤਾ, ਜਿਸ 'ਤੇ ਮੈਂ ਡੇਢ ਦਹਾਕੇ ਤੱਕ ਭਰੋਸਾ ਕੀਤਾ।"
"ਮੇਰੇ ਸਾਹਮਣੇ ਸਾਰੇ ਦੋਸ਼ੀ ਅਜ਼ਾਦ ਹੋ ਗਏ ਅਤੇ ਮੈਂ... ਫਿਰ ਇਕੱਲੀ ਰਹਿ ਗਈ।"
ਹਰ ਪੇਸ਼ੀ 'ਤੇ ਉਹ ਮੌਜੂਦ ਰਹੀ। ਹਰ ਤਾਰੀਖ਼ 'ਤੇ ਇਹੀ ਸੋਚ ਕੇ ਕਿ ਸ਼ਾਇਦ ਅੱਜ ਜਾਂ ਅਗਲੀ ਵਾਰੀ ਸੱਚ ਜਿੱਤੇਗਾ। ਇਹ ਇੰਤਜ਼ਾਰ ਹੀ ਉਸਦੀ ਦੂਜੀ ਸਜ਼ਾ ਬਣ ਗਿਆ।
ਇਹ ਕੇਸ ਸਿਰਫ਼ ਸ਼ਾਹੀਨ ਦੀ ਨਹੀਂ, ਸਗੋਂ ਪੂਰੀ ਨਿਆਂ ਪ੍ਰਣਾਲੀ 'ਤੇ ਸਵਾਲ ਖੜ੍ਹੇ ਕਰਦਾ ਹੈ।
ਕੀ ਲੰਬੀ ਨਿਆਂ ਪ੍ਰਕਿਰਿਆ ਆਪਣੇ ਆਪ ਵਿੱਚ ਸਜ਼ਾ ਨਹੀਂ ਬਣ ਜਾਂਦੀ?
ਕੀ ਸਬੂਤਾਂ ਦੀ ਕਮੀ ਹਮੇਸ਼ਾ ਪੀੜਤਾ ਦੀ ਨਾਕਾਮੀ ਹੁੰਦੀ ਹੈ?
ਇਹ ਕਹਾਣੀ ਸਿਰਫ਼ ਸ਼ਾਹੀਨ ਦੀ ਨਹੀਂ, ਇਹ ਤੇਜ਼ਾਬੀ ਹਮਲਿਆਂ ਦਾ ਸ਼ਿਕਾਰ ਉਹਨਾਂ ਸੈਂਕੜੇ ਲੋਕਾਂ ਦੀ ਕਹਾਣੀ ਹੈ, ਜੋ ਇਲਾਜ ਤੋਂ ਵੱਧ ਇਨਸਾਫ਼ ਦੀ ਉਡੀਕ ਵਿੱਚ ਟੁੱਟ ਜਾਂਦੇ ਹਨ।
ਇਹ ਕਹਾਣੀ ਦੱਸਦੀ ਹੈ ਕਿ ਤੇਜ਼ਾਬੀ ਹਮਲਾ ਇੱਕ ਦਿਨ ਦਾ ਜੁਰਮ ਨਹੀਂ ਬਲਕਿ ਇਹ ਪੂਰੀ ਜ਼ਿੰਦਗੀ ਚੱਲਣ ਵਾਲੀ ਲੜਾਈ ਬਣ ਜਾਂਦਾ ਹੈ।
ਇਹ ਕਹਾਣੀ ਸਿਰਫ਼ ਸ਼ਾਹੀਨ ਦੀ ਹੀ ਕਹਾਣੀ ਨਹੀਂ ਬਲਕਿ ਉਸ ਲਕਸ਼ਮੀ ਅਗਰਵਾਲ ਦੀ ਵੀ ਹੈ ਜਿਸ ਤੇ ਬਾਅਦ ਵਿਚ 'ਛਪਾਕ/ ਵਰਗੀ ਫਿਲਮ ਬਣੀ.. ਇਹ ਕਹਾਣੀ ਸੋਨਾਲੀ ਮੁਖਰਜੀ, ਮੋਨਰਾ ਰਹਿਮਾਨ ਅਤੇ ਸ਼ੀਰੀਨ ਅਖ਼ਤਰ ਵਰਗੇ ਕਿੰਨੇ ਹੀ ਲੋਕਾਂ ਦੀ ਕਹਾਣੀ ਹੈ...
ਅਦਾਲਤੀ ਫ਼ੈਸਲਾ ਸ਼ਾਹੀਨ ਦੀ ਕਾਨੂੰਨੀ ਲੜਾਈ ਦਾ ਅਧਿਆਇ ਬੰਦ ਕਰ ਸਕਦਾ ਹੈ, ਪਰ ਸਵਾਲ ਅਜੇ ਵੀ ਬਾਕੀ ਹਨ:
ਇਨਸਾਫ਼ ਦੀ ਪਰਿਭਾਸ਼ਾ ਕੀ ਹੈ?
ਕੀ ਕਦੇ ਪੀੜਤਾ ਦੀ ਉਮੀਦ ਵੀ ਫ਼ੈਸਲੇ ਦਾ ਹਿੱਸਾ ਬਣੇਗੀ?
ਜੇ 16 ਸਾਲਾਂ ਬਾਅਦ ਵੀ ਇਨਸਾਫ਼ ਨਾ ਮਿਲੇ, ਤਾਂ ਉਮੀਦ ਆਖ਼ਿਰ ਕਿਸ ਤੋਂ ਕੀਤੀ ਜਾਵੇ?
ਉਸ ਤੇ ਹੋਏ ਹਮਲੇ ਵਿੱਚ ਸ਼ਾਮਲ ਲੋਕ ਅਨੰਦ ਵਿਚ ਹਨ...ਵਿਆਹੇ ਹੋਏ ਹਨ, ਨੌਕਰੀਆਂ ਕਰ ਰਹੇ ਹਨ....
ਸ਼ਾਹੀਨ ਪੁੱਛਦੀ ਹੈ:
"ਉਹ ਕਿੰਨੇ ਸਾਲ ਸਜ਼ਾ ਭੁਗਤਣਗੇ? ਤੇ ਮੈਂ ਕਿੰਨੇ ਸਾਲ?"
ਪਰ ਇਸ ਸਭ ਦੇ ਬਾਵਜ਼ੂਦ ਸ਼ਾਹੀਨ ਅੱਜ ਵੀ ਖੜੀ ਹੈ : ਸੜੀ ਹੋਈ ਨਹੀਂ...ਟੁੱਟੀ ਹੋਈ...ਥੱਕੀ ਹੋਈ...ਪਰ ਅਜੇ ਵੀ ਹਾਰੀ ਹੋਈ ਨਹੀਂ...
2021 ਵਿੱਚ ਉਸਨੇ Brave Souls Foundation ਦੀ ਸਥਾਪਨਾ ਕੀਤੀ। ਦਿੱਲੀ ਦੇ ਜੰਗਪੁਰਾ ਵਿੱਚ 'ਅਪਣਾ ਘਰ' ਸ਼ੈਲਟਰ ਹੋਮ ਚਲਾਇਆ, ਜਿੱਥੇ 300 ਤੋਂ ਵੱਧ ਐਸਿਡ ਸਰਵਾਈਵਰ ਜੁੜੇ ਹਨ।
ਉਸ ਦੀ ਇਹ ਸਟੇਟਮੈਂਟ ਸਾਡੇ ਸਾਰਿਆਂ ਲਈ ਤਸੱਲੀ ਦਾ ਸਬੱਬ ਹੈ ਕਿ :
"ਅੱਜ ਮੈਂ ਇੱਕ ਅੱਖ ਨਾਲ ਦੇਖ ਸਕਦੀ ਹਾਂ, ਆਪਣੇ ਅਤੇ ਹੋਰ ਔਰਤਾਂ ਲਈ ਲੜ ਸਕਦੀ ਹਾਂ। ਉਹ ਜੋ ਮੈਨੂੰ ਖ਼ਤਮ ਕਰਨਾ ਚਾਹੁੰਦੇ ਸਨ, ਉਹ ਨਹੀਂ ਕਰ ਸਕੇ...ਇਹੀ ਮੇਰੀ ਜਿੱਤ ਹੈ।"

## ਝੰਡਿਆਂ ਤਿਰੰਗਿਆ



ਝੰਡਿਆ ਤਿਰੰਗਿਆ ਨਿਰਾਲੀ ਤੇਰੀ ਸ਼ਾਨ ਏ
ਤੂੰ ਏ ਜਿੰਦ ਜਾਨ ਸਾਡੀ ਤੂੰ ਹੀ ਸਾਡਾ ਮਾਣ ਏ,

ਲੰਮਾ ਏ ਇਤਿਹਾਸ ਤੇਰੇ ਤਿੰਨ ਰੰਗਾਂ ਦਾ
ਤੂੰ ਹੀ ਏ ਪ੍ਰਤੀਕ ਸਾਡੀਆਂ ਸੱਧਰਾਂ ਤੇ ਉਮੰਗਾਂ ਦਾ,

ਕੇਸਰੀ ਏ ਪ੍ਰਤੀਕ ਰੰਗ ਤਿਆਗ ਅਤੇ ਕੁਰਬਾਨੀ ਦਾ
ਦੇਸ਼ ਲਈ ਵਾਰ ਗਏ ਜੋ ਇੱਕ ਇੱਕ ਜਿੰਦਗਾਨੀ ਦਾ,

ਚਿੱਟਾ ਰੰਗ ਪ੍ਰਤੀਕ ਸ਼ਾਂਤੀ ਤੇ ਪਿਆਰ ਦਾ
ਸੁਖੀ ਵਸੇ ਹਰ ਬਾਸ਼ਿੰਦਾ ਇਸ ਸੰਸਾਰ ਦਾ,

ਹਰਾ ਰੰਗ ਪ੍ਰਤੀਕ ਉੱਨਤੀ ਅਤੇ ਖੁਸ਼ਹਾਲੀ ਦਾ
ਖੇਤਾਂ ਵਿੱਚੋਂ ਝਲਕਦੀ ਜੋ ਪੂਰੀ ਹਰਿਆਲੀ ਦਾ,

ਅਸ਼ੋਕ ਚੱਕਰ ਪ੍ਰਤੀਕ ਏ ਚੌਵੀ ਘੰਟੇ ਤਰੱਕੀ ਦਾ
ਦੇਸ਼ ਭਗਤੀ ਦਾ ਜਜ਼ਬਾ ਵੀ ਸੀਨੇ ਵਿੱਚ ਰੱਖੀ ਦਾ,

ਮੰਨਵੀ ਵਾਲਾ ਕਰਦਾ ਧਰਮਿੰਦਰ ਤੈਨੂੰ ਸਲਾਮ ਏ
ਝੰਡਿਆ ਤਿਰੰਗਿਆ ਨਿਰਾਲੀ ਤੇਰੀ ਸ਼ਾਨ ਏ
ਝੰਡਿਆ ਤਿਰੰਗਿਆ ਨਿਰਾਲੀ ਤੇਰੀ ਸ਼ਾਨ ਏ

ਵਰਲਡ ਪੰਜਾਬੀ ਟਾਈਮਜ਼
ਧਰਮਿੰਦਰ ਸਿੰਘ

## ਔਰਤਾਂ ਹਮੇਸ਼ਾ ਕਿਸੇ ਉਲਝੇ ਹੋਏ ਆਦਮੀ ਦੀ ਭਾਲ ਵਿੱਚ ਰਹਿੰਦੀਆਂ ਹਨ – ਓਸ਼ੋ

ਵਰਲਡ ਪੰਜਾਬੀ ਟਾਈਮਜ਼
ਮੀਤ ਅਨਮੋਲ



ਔਰਤਾਂ ਇੱਕ ਉਲਝੇ ਹੋਏ ਆਦਮੀ ਨੂੰ ਪਿਆਰ ਕਰਦੀਆਂ ਹਨ। ਉਹ ਹਮੇਸ਼ਾ ਕਿਸੇ ਉਲਝੇ ਹੋਏ ਆਦਮੀ ਦੀ ਭਾਲ ਵਿੱਚ ਰਹਿੰਦੀਆਂ ਹਨ – ਕਿਸੇ ਅਜਿਹੇ ਦੀ ਜੋ ਥੋੜ੍ਹਾ ਪਾਗਲ, ਥੋੜ੍ਹਾ ਸਨਕੀ ਹੋਵੇ। ਕਿਉਂਕਿ ਪਾਗਲਪਨ ਵਿੱਚ ਇੱਕ ਆਕਰਸ਼ਣ ਹੁੰਦਾ ਹੈ; ਇੱਕ ਆਦਮੀ ਜੋ ਸਨਕੀ, ਉਲਝਿਆ ਹੋਇਆ ਹੁੰਦਾ ਹੈ, ਉਸ ਵਿੱਚ ਇੱਕ ਖਾਸ ਚੁੰਬਕਤਾ ਹੁੰਦੀ ਹੈ। ਉਹ ਸੰਭਾਵਨਾਵਾਂ ਨਾਲ ਭਰਿਆ ਹੁੰਦਾ ਹੈ, ਸੁਪਨਿਆਂ ਨਾਲ ਭਰਿਆ ਹੁੰਦਾ ਹੈ। ਔਰਤਾਂ ਸੁਪਨਸਾਜ ਨੂੰ ਪਿਆਰ ਕਰਦੀਆਂ ਹਨ।

ਅਤੇ ਆਦਮੀ? ਆਦਮੀ ਇੱਕ ਸਮਝਦਾਰ, ਸਥਿਰ ਔਰਤ ਨੂੰ ਪਿਆਰ ਕਰਦੇ ਹਨ – ਨਹੀਂ ਤਾਂ ਉਹ ਸੱਚਮੁੱਚ ਪਾਗਲ ਹੋ ਜਾਣ – ਉਹਨਾਂ ਨੂੰ ਧਰਤੀ 'ਤੇ ਟਿਕਾ ਕੇ ਰੱਖਣ ਲਈ। ਔਰਤ ਧਰਤੀ ਦਾ ਪ੍ਰਤੀਕ ਹੈ। ਆਦਮੀ ਨੂੰ ਔਰਤ ਦੀ ਲੋੜ ਹੈ ਕਿਉਂਕਿ ਉਸਦੇ ਆਪਣੇ ਵਜੂਦ ਵਿੱਚ ਜੜ੍ਹਾਂ ਨਹੀਂ ਹੁੰਦੀਆਂ। ਉਸਨੂੰ ਔਰਤ ਚਾਹੀਦੀ ਹੈ – ਉਹ ਗਰਮ ਧਰਤੀ, ਉਹ ਡੂੰਘੀ ਮਿੱਟੀ – ਜਿੱਥੇ ਉਹ ਆਪਣੀਆਂ ਜੜ੍ਹਾਂ ਫੈਲਾ ਸਕੇ ਅਤੇ ਧਰਤੀ ਨਾਲ ਜੁੜਿਆ ਰਹਿ ਸਕੇ। ਉਹ ਡਰਦਾ ਹੈ— ਉਸ ਕੋਲ਼ ਖੰਭ ਤਾਂ ਹਨ, ਪਰ ਜੜ੍ਹਾਂ ਨਹੀਂ। ਅਤੇ ਉਸਨੂੰ ਡਰ ਹੈ ਕਿ ਜੇਕਰ ਉਹ ਧਰਤੀ ਨੂੰ ਫੜ੍ਹ ਕੇ ਨਹੀਂ ਰੱਖਦਾ ਤਾਂ ਕਿਤੇ ਉਹ ਉੱਡ ਨਾ ਜਾਵੇ, ਅਨੰਤ ਅਸਮਾਨ ਵਿੱਚ ਅਲੋਪ ਨਾ ਹੋ ਜਾਵੇ, ਗਵਾਚ ਨਾ ਜਾਵੇ ਤੇ ਫਿਰ ਮੁੜ੍ਹਨਾ ਸੰਭਵ ਹੀ ਨਾ ਰਹੇ। ਇਹੀ ਡਰ ਆਦਮੀਆਂ ਨੂੰ ਔਰਤਾਂ ਪਿੱਛੇ ਦੁੜਾਉਂਦਾ ਹੈ।

ਅਤੇ ਔਰਤ ਕੋਲ਼ ਖੰਭ ਨਹੀਂ ਹੁੰਦੇ। ਉਸ ਕੋਲ਼ ਜੜ੍ਹਾਂ ਹੁੰਦੀਆਂ ਹਨ – ਡੂੰਘੀਆਂ ਜੜ੍ਹਾਂ; ਔਰਤ ਸ਼ੁੱਧ ਧਰਤੀ ਹੈ। ਅਤੇ ਉਸਨੂੰ ਡਰ ਹੈ ਕਿ ਜੇਕਰ ਉਹ ਇਕੱਲੀ ਰਹਿ ਗਈ ਤਾਂ ਉਹ ਕਦੇ ਵੀ ਅਗਿਆਤ ਵਿੱਚ ਉੱਡ ਨਹੀਂ ਸਕੇਗੀ। ਆਦਮੀ ਔਰਤ ਤੋਂ ਬਿਨਾਂ ਨਹੀਂ ਰਹਿ ਸਕਦਾ, ਕਿਉਂਕਿ ਫਿਰ ਉਹ ਆਪਣੀਆਂ ਜੜ੍ਹਾਂ ਗੁਆ ਦਿੰਦਾ ਹੈ। ਉਹ ਸਿਰਫ਼ ਇੱਕ ਅਵਾਰਾ ਬਣ ਜਾਂਦਾ ਹੈ। ਫਿਰ ਉਸਦਾ ਕਿਤੇ ਕੋਈ ਟਿਕਾਣਾ ਨਹੀਂ ਰਹਿੰਦਾ। ਜ਼ਰਾ ਉਸ ਆਦਮੀ ਨੂੰ ਦੇਖੋ ਜਿਸਦੀ ਜ਼ਿੰਦਗੀ ਵਿੱਚ ਕੋਈ ਔਰਤ ਨਹੀਂ ਹੈ: ਉਹ ਕਿਤੇ ਦਾ ਨਹੀਂ ਰਹਿੰਦਾ, ਉਸਦਾ ਕੋਈ ਘਰ ਨਹੀਂ ਹੁੰਦਾ, ਉਹ ਵਹਿੰਦਾ ਹੋਇਆ ਲਕੜੀ ਦਾ ਟੁਕੜਾ ਬਣ ਜਾਂਦਾ ਹੈ – ਲਹਿਰਾਂ ਉਸਨੂੰ ਜਿੱਥੇ ਮਰਜ਼ੀ ਲੈ ਜਾਂਦੀਆਂ ਹਨ – ਜਦੋਂ ਤੱਕ ਉਹ ਕਿਤੇ ਕਿਸੇ ਔਰਤ ਨਾਲ ਉਲਝ ਨਹੀਂ ਜਾਂਦਾ; ਫਿਰ ਘਰ ਦਾ ਜਨਮ ਹੁੰਦਾ ਹੈ।

ਖੋਜਕਰਤਾ ਕਹਿੰਦੇ ਹਨ ਕਿ 'ਘਰ' ਔਰਤ ਦੀ ਰਚਨਾ ਹੈ। ਜੇਕਰ ਆਦਮੀ ਇਕੱਲਾ ਰਹਿੰਦਾ ਤਾਂ ਨਾ ਤਾਂ ਘਰ ਹੁੰਦਾ ਅਤੇ ਨਾ ਹੀ ਸੱਭਿਅਤਾ।

ਔਰਤ ਤੋਂ ਬਿਨਾਂ ਆਦਮੀ ਇੱਕ ਭਟਕਿਆ ਹੋਇਆ ਯਾਤਰੀ ਹੈ, ਇੱਕ ਅਵਾਰਾ। ਇਸ ਲਈ ਦੇਰ-ਸਵੇਰ, ਉਸਨੂੰ ਜੜ੍ਹਾਂ ਜਮਾਉਣ ਦੀ ਜ਼ਰੂਰਤ ਪੈਂਦੀ ਹੈ। ਔਰਤ ਉਸਦੀ ਧਰਤੀ ਬਣ ਜਾਂਦੀ ਹੈ। ਜਦੋਂ ਤੱਕ ਆਦਮੀ ਆਪਣੇ ਅੰਦਰ ਕੁਝ ਅਜਿਹਾ ਨਹੀਂ ਲੱਭ ਲੈਂਦਾ ਜੋ ਉਸਦੀ ਧਰਤੀ ਬਣ ਸਕੇ, ਜਦੋਂ ਤੱਕ ਉਹ ਆਪਣੀ ਅੰਦਰੂਨੀ ਔਰਤ ਨੂੰ ਨਹੀਂ ਲੱਭ ਲੈਂਦਾ, ਓਦੋਂ ਤੱਕ ਉਸਨੂੰ ਬਾਹਰੀ ਔਰਤ ਦੀ ਭਾਲ ਕਰਨੀ ਹੀ ਪਵੇਗੀ।

## ਰਾਣਾ ਰਣਬੀਰ ਦਾ Comfort zone

ਵਰਲਡ ਪੰਜਾਬੀ ਟਾਈਮਜ਼
ਸਾਹਿਬ ਸਿੰਘ



ਰੰਗਮੰਚ ਸੌਖਾ ਨਹੀਂ...ਪਰ ਜੋ ਸਹਿਜ ਹੋ ਗਿਆ,ਉਹਦੇ ਲਈ ਰੰਗਮੰਚ ਤੋਂ ਸੌਖਾ ਹੋਰ ਕੁਝ ਨਹੀਂ...ਰਾਣਾ ਰਣਬੀਰ ਇਸਦੀ ਮਿਸਾਲ ਹੈ...ਉਹ ਮੰਚ 'ਤੇ ਖੇਡਦਾ ਹੈ...ਏਸੇ ਲਈ ਤਾਂ ਕਹਿੰਦੇ ਆ ਕਿ ਅੱਜ ਨਾਟਕ ਖੇਡਣਾ...ਪਰ ਖੇਡਦੇ ਵਿਰਲੇ ਹੀ ਨੇ,ਬਹੁਤੇ ਕਰਨ ਦੀ ਕੋਸ਼ਿਸ਼ ਕਰਦੇ ਨੇ..ਰਾਣਾ ਨਹੀਂ ਕਰਦਾ...ਸੁਆਦ ਨਾਲ ਖੇਡਦਾ ਹੈ...ਕਮਾਲ ਇਹ ਕਿ ਪਰੰਪਰਾਗਤ ਪਰਿਭਾਸ਼ਾ ਅਨੁਸਾਰ ਉਹ ਮੰਚ ਅਤੇ ਦਰਸ਼ਕਾਂ ਵਿਚਾਲੇ ਚੌਥੀ ਕੰਧ ਵੀ ਨਹੀਂ ਚਾਹੁੰਦੈ...ਉਹ ਦਰਸ਼ਕ ਨਾਲ ਵੀ ਖੇਡਦਾ ਹੈ...ਕੱਲ੍ਹ ਰੂਪਕ ਕਲਾ ਅਤੇ ਵੈਲਫੇਅਰ ਸੁਸਾਇਟੀ ਵਲੋਂ ਸੰਗੀਤਾ ਗੁਪਤਾ ਤੇ ਲਵਲੀਨ ਕੌਰ ਦੇ ਯਤਨਾਂ ਸਦਕਾ ਟੈਗੋਰ ਥੀਏਟਰ ਵਿਖੇ ਰਾਣਾ ਰਣਬੀਰ ਦੀ ਖੇਡ ਦੇਖੀ "ਬੰਦੇ ਬਣੋ ਬੰਦੇ "...ਇਸ ਖੇਡ ਵਿੱਚ ਰਾਜਵੀਰ ਬੋਪਾਰਾਏ ਨੇ ਬਰਾਬਰ ਦੀ ਸਹਿਜਤਾ ਨਾਲ ਸੈਂਟਰ ਫਾਰਵਰਡ ਦੀ ਭੂਮਿਕਾ ਨਿਭਾਈ।

ਮੈਂ ਬਹੁਤ ਸਾਲ ਪਹਿਲਾਂ ਜਦੋਂ "ਖੇਤਾਂ ਦਾ ਪੁੱਤ " ਦੀ ਪੇਸ਼ਕਾਰੀ ਦੇਖੀ ਸੀ ਤਾਂ ਰਾਣੇ ਨੂੰ ਨਿੱਜੀ ਸੰਦੇਸ਼ ਭੇਜਿਆ ਸੀ ਵਧਾਈਆਂ ਦਾ ਤੇ ਨਾਲ ਸਵਾਲ ਵੀ ਕੀਤਾ ਸੀ ਕਿ ਫਿਲਮਾਂ ਵਿੱਚ ਅਜਿਹਾ ਕਿਉਂ ਨਹੀਂ!...ਉਹ ਸਵਾਲ ਅੱਜ ਵੀ ਮੇਰੀ ਛਾਤੀ ਦੇ ਖੱਬੇ ਪਾਸੇ ਸਹਿਕ ਰਿਹਾ (ਰਾਣਾ ਰਣਬੀਰ ਦੇ ਇੱਕ ਸੰਵਾਦ ਅਨੁਸਾਰ ਸਿਰ ਦੇ ਪਿਛਲੇ ਪਾਸੇ ਦਿਮਾਗ਼ ਵਿੱਚ!)...ਤੇ ਕੱਲ੍ਹ ਪੇਸ਼ਕਾਰੀ ਦੇਖਦਿਆਂ ਜਵਾਬ ਵੀ ਖੁਦ ਲੱਭਣ ਦੀ ਕੋਸ਼ਿਸ਼ ਕੀਤੀ...ਰਾਣਾ ਰੰਗਮੰਚ ਵਿੱਚ ਅਦਾਕਾਰੀ ਦਾ ਉਹ ਰੰਗ ਪੇਸ਼ ਕਰ ਰਿਹਾ ਹੈ ਜਿਸ ਨਾਲ ਉਹ ਖੁਦ ਸੌ ਫੀਸਦੀ ਸਹਿਮਤ ਹੈ,ਜੋ ਉਸਦਾ ਆਰਾਮਦਾਇਕ ਖੇਤਰ ਐ...comfort zone!...ਫਿਲਮ ਵਿੱਚ ਅਦਾਕਾਰੀ ਕਰਦਿਆਂ ਉਹਦੀ ਸਹਿਜਤਾ ਗਾਇਬ ਹੋ ਜਾਂਦੀ ਐ ਕਿਉਂਕਿ ਉੱਥੇ ਉਸਨੂੰ ਕੁਝ ਕਰਨ ਲਈ ਕਿਹਾ ਜਾਂਦੈ,ਕੁਝ ਕਰਨ ਦੀ ਆਸ ਕੀਤੀ ਜਾਂਦੀ ਆ...ਸ਼ਾਇਦ ਕਾਮੇਡੀ!...ਸ਼ਾਇਦ ਉਹ ਖੁਦ ਵੀ ਆਪਣੇ ਤੋਂ ਕੁਝ ਖਾਸ ਦੀ ਉਮੀਦ ਕਰਦਿਆਂ ਕੈਮਰੇ ਸਾਹਮਣੇ ਕੁਝ ਕਰਦਾ ਹੋਵੇ!..ਰਾਣਾ ਰਣਬੀਰ ਇਸ ਜਵਾਬ ਨਾਲ ਕਿੰਨਾ ਕੁ ਸਹਿਮਤ ਹੈ,ਇਹ ਮਹੱਤਵਪੂਰਨ ਨਹੀਂ...ਪਰ ਰੰਗਮੰਚ 'ਤੇ ਕੱਲ੍ਹ ਮੈਂ ਸੰਪੂਰਨ ਸਹਿਜ ਅਦਾਕਾਰ ਨੂੰ ਖੇਡਦਿਆਂ ਦੇਖਿਆ ਜਿਸ ਲਈ ਬਹੁਤ ਸਾਰਾ ਪਿਆਰ ਤੇ ਸ਼ਾਬਾਸ਼!

## ਪਰ / ਮਿੰਨੀ ਕਹਾਣੀ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ



ਸੋਲਾਂ ਸਾਲ ਪਹਿਲਾਂ ਗਿਆਨ ਚੰਦ ਸਾਡੇ ਪਿੰਡ ਦੇ ਸਰਕਾਰੀ ਹਾਈ ਸਕੂਲ ਵਿੱਚ ਬਤੌਰ ਮੁੱਖ ਅਧਿਆਪਕ ਪਰਮੋਟ ਹੋ ਕੇ ਆਇਆ ਸੀ। ਮੈਂ ਉਸ ਤੋਂ ਦੋ ਸਾਲ ਪਹਿਲਾਂ ਇਸੇ ਸਕੂਲ ਵਿੱਚ ਬਤੌਰ ਸ. ਸ. ਮਾਸਟਰ ਆਇਆ ਸੀ। ਆਪਣੇ ਪਿੰਡ ਦਾ ਸਕੂਲ ਹੋਣ ਕਰਕੇ ਮੈਂ ਉਸ ਨੂੰ ਹਰੇਕ ਕੰਮ ਵਿੱਚ ਸਹਿਯੋਗ ਦਿੰਦਾ ਆ ਰਿਹਾ ਸੀ। ਮੇਰੇ ਸਹਿਯੋਗ ਦੇਣ ਨਾਲ ਉਸ ਨੂੰ ਬਾਕੀ ਅਧਿਆਪਕਾਂ ਦੀ ਬਹੁਤੀ ਲੋੜ ਨਹੀਂ ਪਈ ਸੀ। ਸੋਲਾਂ ਸਾਲ ਮੁੱਖ ਅਧਿਆਪਕ ਦੀ ਕੁਰਸੀ ਤੇ ਬੈਠਾ ਉਹ ਅੱਕ ਜਿਹਾ ਗਿਆ ਸੀ। ਉਸ ਨੂੰ ਮੁੱਖ ਅਧਿਆਪਕ ਦਾ ਅਹੁਦਾ ਛੋਟਾ, ਛੋਟਾ ਲੱਗਣ ਲੱਗ ਪਿਆ ਸੀ। ਉਹ ਪ੍ਰਿੰਸੀਪਲ ਦੀ ਪਰਮੋਸ਼ਨ ਲਈ ਏਨਾ ਕਾਹਲਾ ਸੀ ਜਿਵੇਂ ਪ੍ਰਿੰਸੀਪਲ ਬਣ ਕੇ ਉਸ ਨੇ ਗਿਆਨ ਚੰਦ ਤੋਂ ਹੋਰ ਕੁਝ ਬਣ ਜਾਣਾ ਸੀ। ਉਹ ਕਈ ਵਾਰ ਮੇਰੇ ਨਾਲ ਆਪਣੇ ਦਿਲ ਦੀ ਭੜਾਸ ਕੱਢ ਲੈਂਦਾ, "ਇਹ ਨਕੰਮੀ ਸਰਕਾਰ ਜਦੋਂ ਦੀ ਆਈ ਆ, ਸਿੱਖਿਆ ਵਿਭਾਗ 'ਚ ਕਿਸੇ ਦੀ ਪਰਮੋਸ਼ਨ ਨ੍ਹੀ ਕੀਤੀ। ਸੋਲਾਂ ਸਾਲ ਤੋਂ ਇੱਕੋ ਕੁਰਸੀ ਤੇ ਬੈਠਾ ਥੱਕ ਗਿਆਂ ਆਂ। ਹਾਲੇ ਹੋਰ ਪਤਾ ਨ੍ਹੀ ਕਿੰਨਾ ਚਿਰ ਇਸ ਕੁਰਸੀ ਤੇ ਬੈਠਣਾ ਪਊ।"

ਇਹ ਗੱਲਾਂ ਕਰਦਿਆਂ ਉਸ ਨੂੰ ਇਹ ਚੇਤਾ ਹੀ ਨਾ ਰਹਿੰਦਾ ਕਿ ਮੈਂ ਵੀ ਮਾਸਟਰ ਕਾਡਰ ਵਿੱਚ ਪਿਛਲੇ ਬੱਤੀ ਸਾਲ ਤੋਂ ਕੰਮ ਕਰ ਰਿਹਾ ਹਾਂ ਤੇ ਮੈਨੂੰ ਵੀ ਪਰਮੋਸ਼ਨ ਦੀ ਲੋੜ ਹੈ। ਆਪਣਾ ਦਰਦ ਛੁਪਾ ਕੇ ਫਿਰ ਵੀ ਮੈਂ ਉਸ ਨੂੰ ਹੌਸਲਾ ਦਿੰਦਾ ਹੋਇਆ ਕਹਿੰਦਾ, "ਸਰ ਜੀ, ਸਾਡੇ ਸਕੂਲ ਦੇ ਨਤੀਜੇ ਹਰ ਸਾਲ ਵਧੀਆ ਹੁੰਦੇ ਆ। ਨਾਲੇ ਤੁਹਾਡਾ ਆਪਣਾ ਨਤੀਜਾ ਵੀ ਹਰ ਸਾਲ ਵਧੀਆ ਹੁੰਦਾ ਆ। ਇਸ ਲਈ ਤੁਹਾਡੀ ਪਰਮੋਸ਼ਨ ਜ਼ਰੂਰ ਹੋਊ।"

ਫਿਰ ਅਚਾਨਕ ਇਕ ਦਿਨ ਗਿਆਨ ਚੰਦ ਦੇ ਸਰਕਾਰੀ ਸੈਕੰਡਰੀ ਸਕੂਲ ਬੰਗਾ ਵਿੱਚ ਬਤੌਰ ਪ੍ਰਿੰਸੀਪਲ ਦੇ ਪਰਮੋਸ਼ਨ ਆਰਡਰ ਆ ਗਏ। ਉਸ ਨੂੰ ਜਿਵੇਂ ਪਰ ਲੱਗ ਗਏ ਹੋਣ। ਉਹ ਹਵਾ ਵਿੱਚ ਉੱਡਣ ਲੱਗ ਪਿਆ। ਉਸ ਦਾ ਜਿਵੇਂ ਮੇਰੇ ਨਾਲ ਕੋਈ ਸਬੰਧ ਹੀ ਨਾ ਰਿਹਾ ਹੋਵੇ। ਉਸ ਦਾ ਮੇਰੇ ਨਾਲ ਗੱਲ ਕਰਨ ਦਾ ਅੰਦਾਜ਼ ਹੀ ਬਦਲ ਗਿਆ। ਉਹ ਸਾਡੇ ਪਿੰਡ ਦੇ ਸਕੂਲ ਤੋਂ ਵਿਦਾ ਹੋ ਕੇ ਕਈ ਮਹੀਨੇ ਮੇਰਾ ਫੋਨ ਉਡੀਕਦਾ ਰਿਹਾ ਪਰ ਮੈਂ ਉਸ ਨੂੰ ਕੋਈ ਫੋਨ ਨਾ ਕੀਤਾ। ਉਸ ਨੂੰ ਹਵਾ ਵਿੱਚ ਉੱਡਦਾ ਵੇਖਦਾ ਰਿਹਾ। ਫਿਰ ਅਚਾਨਕ ਇਕ ਦਿਨ ਉਸ ਦਾ ਫੋਨ ਆ ਗਿਆ, "ਕੀ ਗੱਲ,ਭੁੱਲ ਗਿਆਂ, ਕਦੇ ਯਾਦ ਨ੍ਹੀ ਕੀਤਾ।"

"ਨਹੀਂ ਸਰ ਜੀ, ਮੈਂ ਤੁਹਾਨੂੰ ਭੁੱਲਿਆ ਨ੍ਹੀ। ਮੈਂ ਪਰਾਂ ਤੋਂ ਬਗੈਰ ਆਂ, ਤੁਹਾਡੇ ਪਰ ਲੱਗੇ ਹੋਏ ਆ। ਤੁਸੀਂ ਹਵਾ 'ਚ ਉੱਡ ਰਹੇ ਹੋ। ਮੈਂ ਤੁਹਾਡੇ ਨਾਲ ਹਵਾ 'ਚ ਕਿਵੇਂ ਉੱਡ ਸਕਦਾਂ? ਜੇ ਉੱਡਿਆ ਤਾਂ ਲੱਤਾਂ ਤੜਵਾ ਲਵਾਂਗਾ।"

ਮੈਂ ਉਸ ਨੂੰ ਇਹ ਗੱਲਾਂ ਇੱਕੋ ਸਾਹੇ ਕਹਿ ਦਿੱਤੀਆਂ ਤੇ ਇਹ ਵੀ ਨਾ ਸੋਚਿਆ ਕਿ ਇਨ੍ਹਾਂ ਗੱਲਾਂ ਦਾ ਉਸ ਤੇ ਕੀ ਅਸਰ ਪਵੇਗਾ ਪਰ ਰੱਬ ਦਾ ਸ਼ੁਕਰ, ਮੇਰੀਆਂ ਇਹ ਗੱਲਾਂ ਸੁਣ ਕੇ ਉਹ ਕੁਝ ਨਾ ਬੋਲਿਆ ਤੇ ਫੋਨ ਕੱਟ ਦਿੱਤਾ।